


# ਰਾਣੀ ਮੱਛੀ ਨੇ ਖ਼ਬਰ ਸੁਣੀ

ਪ੍ਰੀ-ਪ੍ਰਾਇਮਰੀ-2 ਲਈ


ਸਕੂਲ ਸਿੱਖਿਆ ਵਿਭਾਗ, ਪੰਜਾਬ

# ਰਾਣੀ ਮੱਛੀ ਨੇ ਖ਼ਬਰ ਸੁਣੀ


ਲੇਖਕ: ਵੇਨਕਟਰਮਨ ਗੋਵੜਾ

ਪੁਨਰ ਲੇਖਨ: ਪਵਨਦੀਪ ਕੌਰ

ਚਿੱਤਰਕਾਰ: ਸ਼੍ਰੀ ਕ੍ਰਿਸ਼ਨਾ ਕੇਦਿਲਾਇਆ, ਪਵਨਦੀਪ ਕੌਰ




ਇੱਕ ਪਿੰਡ ਦੇ ਤਲਾਬ ਵਿੱਚ ਮੱਛੀਆਂ, ਡੱਡੂ, ਕੱਛੂ ਖੁਸ਼ੀ-ਖੁਸ਼ੀ ਰਹਿੰਦੇ ਸਨ।
ਮੱਛੀਆਂ ਦਾ ਪਰਿਵਾਰ ਬਹੁਤ ਵੱਡਾ ਸੀ।



ਮੱਛੀਆਂ ਦੇ ਘਰ ਇੱਕ ਵੱਡਾ ਸਾਰਾ ਰੇਡੀਓ ਸੀ।




ਸਭ ਰੇਡੀਓ ’ਤੇ ਗੀਤ ਸੁਣਦੇ ਰਹਿੰਦੇ ਸਨ।




ਉਨ੍ਹਾਂ ਵਿੱਚ ਇੱਕ ਸਭ ਤੋਂ ਵੱਡੀ ਮੱਛੀ ਸੀ, ਜਿਸ ਨੂੰ ਸਭ ਰਾਣੀ ਮੱਛੀ ਕਹਿੰਦੇ ਸਨ।

ਉਸ ਨੂੰ ਖ਼ਬਰਾਂ ਸੁਣਨ ਦਾ ਸ਼ੌਂਕ ਸੀ।

ਪਰ ਉਸ ਦੀ ਵਾਰੀ ਆਉਣ ਤੱਕ ਖ਼ਬਰਾਂ ਖ਼ਤਮ ਹੋ ਜਾਂਦੀਆਂ।




ਉਸ ਦਿਨ ਵੀ ਅਜਿਹਾ ਹੀ ਕੁਝ ਚਲ ਰਿਹਾ ਸੀ। ਰਾਣੀ ਮੱਛੀ ਖ਼ਬਰ ਦਾ ਆਖ਼ਰੀ ਹਿੱਸਾ ਹੀ ਸੁਣ ਸਕੀ। ਪਰ ਖ਼ਬਰ ਕੋਈ ਖੁਸ਼ੀ ਵਾਲੀ ਨਹੀਂ ਸੀ। ਉਹ ਪ੍ਰੇਸ਼ਾਨ ਹੋ ਗਈ ਕਿ ਮੱਛੀਆਂ ਫੜਨ ਵਾਲ਼ੇ ਆ ਰਹੇ ਹਨ।




ਇਹ ਖ਼ਬਰ ਸਭ ਨੂੰ ਪਤਾ ਲੱਗ ਗਈ। ਸਭ ਡਰ ਗਏ ਸਨ।
ਰੋਜ਼ ਦੀ ਤਰ੍ਹਾਂ ਅੱਜ ਰਾਣੀ ਮੱਛੀ ਤੋਂ ਰੇਡੀਓ ਕਿਸੇ ਨੇ ਨਹੀਂ ਮੰਗਿਆ।

ਰਾਣੀ ਮੱਛੀ ਨੇ ਫੋਨ ਕਰਕੇ ਪਿੰਡ ਦੇ ਸਰਪੰਚ ਨੂੰ ਬੁਲਾਇਆ ਅਤੇ ਇਸ ਖ਼ਬਰ ਬਾਰੇ ਦੱਸਿਆ। ਸਰਪੰਚ ਨੇ ਉਨ੍ਹਾਂ ਨੂੰ ਹੌਂਸਲਾ ਦਿੱਤਾ ਅਤੇ ਕਿਹਾ ਕਿ ਚਿੰਤਾ ਕਰਨ ਦੀ ਲੋੜ ਨਹੀਂ। ਉਨ੍ਹਾਂ ਦੇ ਤਲਾਬ ਕੋਲ਼ ਕੋਈ ਨਹੀਂ ਆਵੇਗਾ।




ਸਭ ਨੂੰ ਲੱਗਿਆ ਕਿ ਜੇਕਰ ਰਾਣੀ ਮੱਛੀ ਇਹ ਖ਼ਬਰ ਨਾ ਸੁਣਦੀ ਤਾਂ ਬਹੁਤ ਬੁਰਾ ਹੋ ਸਕਦਾ ਸੀ। ਸਭ ਨੇ ਫ਼ੈਸਲਾ ਕੀਤਾ ਕਿ ਉਹ ਵੀ ਰਾਣੀ ਮੱਛੀ ਨਾਲ਼ ਪਹਿਲਾਂ ਖ਼ਬਰਾਂ ਸੁਣਿਆ ਕਰਨਗੇ।







ਰਾਣੀ ਮੱਛੀ ਬੱਚਿਆਂ ਲਈ ਖੁਸ਼ ਤਾਂ ਸੀ, ਪਰ ਉਹ ਸੋਚ ਰਹੀ ਸੀ ਕਿ ਉਨ੍ਹਾਂ ਲਈ ਕੋਈ ਹੋਰ ਵੀ ਇੰਤਜ਼ਾਮ ਕੀਤਾ ਜਾਵੇ।



ਕੱਛੂ ਸਰਦਾਰ ਅਤੇ ਰਾਣੀ ਮੱਛੀ ਨੇ ਸਲਾਹ ਕੀਤੀ।



ਸਭ ਬੱਚਿਆਂ ਦੇ ਮਨੋਰੰਜਨ ਲਈ ਟੀ.ਵੀ. ਲਿਆਂਦਾ ਗਿਆ।
ਹੁਣ ਸਭ ਬੱਚੇ ਬਹੁਤ ਖ਼ੁਸ਼ ਸਨ।



ਰਾਣੀ ਮੱਛੀ ਵੀ ਹੁਣ ਆਰਾਮ ਨਾਲ਼ ਸਾਰੀਆਂ ਖ਼ਬਰਾਂ ਸੁਣਦੀ।

ਰਾਣੀ ਮੱਛੀ ਨੂੰ ਕਿਹੜੀ ਖ਼ਬਰ ਨੇ ਪਰੇਸ਼ਾਨ ਕੀਤਾ। ਆਓ ਪੜ੍ਹ ਕੇ ਜਾਣੀਏ!

PRATHAM BOOKS
storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM BOOKS
A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ